# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ

ਵੱਲ

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ), ਪੰਜਾਬ।
2. ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ), ਪੰਜਾਬ।
3. ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ, ਪੰਜਾਬ।
4. ਸਮੂਹ ਸਕੂਲ ਮੁੱਖੀ।

**ਮੀਮੋ ਨੰ:** Transfer Cell/2022/14
**ਮਿਤੀ:** 30.06.2022

ਵਿਸ਼ਾ: ਅਧਿਆਪਕ, ਕੰਪਿਊਟਰ ਫੈਕਲਟੀ ਅਤੇ ਨਾਨ ਟੀਚਿੰਗ ਦੀਆਂ ਬਦਲੀਆਂ ਦੀਆਂ ਬੇਨਤੀਆਂ ਡੀ.ਡੀ.ਓ/ਸਕੂਲ ਮੁੱਖੀ ਵਲੋਂ ਤਸਦੀਕ ਕਰਨ ਸਬੰਧੀ।

ਹਵਾਲਾ: ਇਸ ਦਫਤਰ ਦੀ ਮੀਮੋ ਨੰ: **Transfer Cell/2022/348086/12** ਮਿਤੀ 27.06.2022 ਸਬੰਧੀ

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਪੰਜਾਬ ਸਰਕਾਰ, ਸਿੱਖਿਆ ਵਿਭਾਗ ਦੇ ਪੱਤਰ ਨੰ 11/35/2018-1edu6/1508658, ਮਿਤੀ 25.06.2019 ਰਾਹੀਂ ਅਧਿਆਪਕ ਦੀ Teachers Transfer Policy-2019 ਜਾਰੀ ਕੀਤੀ ਗਈ ਸੀ ਅਤੇ ਉਸ ਉਪਰੰਤ ਸਮੇਂ ਸਮੇਂ ਤੇ ਸੋਧਾਂ ਜਾਰੀ ਕੀਤੀਆਂ ਗਈਆਂ ਸਨ।ਇਸ ਤੋਂ ਇਲਾਵਾ Punjab ICT Education Society (PICTES) ਅਧੀਨ ਕੰਮ ਕਰ ਰਹੇ ਕੰਪਿਊਟਰ ਫੈਕਲਟੀ ਲਈ ਤਬਾਦਲਾ ਨੀਤੀ ਮੀਮੋ ਨੰ 5/3-ICT-2019/Trans/303800, ਮਿਤੀ 13.09.2019 ਅਤੇ ਨਾਨ ਟੀਚਿੰਗ ਸਟਾਫ ਲਈ ਤਬਾਦਲਾ ਨੀਤੀ ਮੀਮੋ ਨੰ. 2/14/2020-2edu3/2020487/1 ਮਿਤੀ 27.05.2020 ਰਾਹੀਂ ਤਬਾਦਲਾ ਨੀਤੀ ਜਾਰੀ ਕੀਤੀ ਗਈ ਸੀ। ਜੋ ਸ਼ੋਧਾਂ ਅਧਿਆਪਕਾਂ ਦੇ ਤਬਾਦਲਿਆਂ ਲਈ ਜਾਰੀ ਕੀਤੀਆਂ ਗਈਆਂ ਹਨ ਉਹ ਕੰਪਿਊਟਰ ਫੈਕਲਟੀ ਅਤੇ ਨਾਨ ਟੀਚਿੰਗ ਸਟਾਫ ਤੇ ਬਦਲੀਆਂ ਲਈ ਲਾਗੂ ਹੋਣਗੀਆਂ।

2.0 ਸਾਲ 2022-23 ਦੌਰਾਨ ਹਵਾਲਾ ਅਧੀਨ ਜਨਤਕ ਸੂਚਨਾਂ ਰਾਹੀਂ ਅਧਿਆਪਕਾਂ, ਕੰਪਿਊਟਰ ਫੈਕਲਟੀ ਅਤੇ ਨਾਨ ਟੀਚਿੰਗ ਸਟਾਫ ਜੋ ਪਾਲਿਸੀ ਅਨੁਸਾਰ ਕਵਰ ਹੁੰਦੇ ਹਨ ਅਤੇ ਬਦਲੀ ਕਰਵਾਉਣਾ ਚਾਹੁੰਦੇ ਹਨ ਉਹਨਾਂ ਤੋਂ ਬਦਲੀ ਲਈ ਆਨਲਾਈਨ ਬੇਨਤੀਆਂ ਮਿਤੀ 29.06.2022 ਤੱਕ ਮੰਗੀਆਂ ਗਈਆਂ ਸਨ। ਦਰਖਾਸਤਕਰਤਾਵਾਂ ਵਲੋਂ ਈ ਪੰਜਾਬ ਪੋਰਟਲ ਤੇ ਆਪਣੇ ਵੇਰਵੇ ਜਿਵੇਂ ਕਿ General Details, Results, Service Record ਭਰੇ ਹਨ।

**3.0** ਦਰਖਾਸਤ ਕਰਤਾਵਾਂ ਵਲੋਂ ਬਦਲੀ ਲਈ ਬੇਨਤੀ ਕਰਦੇ ਸਮੇਂ ਜੋ ਡਾਟਾ ਭਰਿਆ ਗਿਆ ਹੈ ਉਸ ਦੀ ਤਸਦੀਕ ਸਕੂਲ ਮੁੱਖੀ/ਡੀ.ਡੀ.ਓ ਵਲੋਂ ਮਿਤੀ 30.06.2022 ਤੋਂ 02.07.2022 ਤੱਕ ਕੀਤੀ ਜਾਣੀ ਹੈ। ਇਸ ਮੰਤਵ ਲਈ ਸਕੂਲ ਮੁੱਖੀ/ਡੀ.ਡੀ.ਓ ਈ ਪੰਜਾਬ ਪੋਰਟਲ ਤੇ ਲਾਗ ਇਨ ਕਰਕੇ Staff Menu ਵਿੱਚ ਦਿੱਤੇ ਲਿੰਕ Transfer and Verification ਤੇ ਜਾ ਕੇ ਦਰਖਾਸਤਕਰਤਾ ਵਲੋਂ ਭਰੇ ਡਾਟਾ ਦੀ ਵੈਰੀਫੀਕੇਸਨ ਕਰਨਗੇ। ਵੇਰੀਫਿਕੇਸ਼ਨ

ਉਪਰੰਤ ਜੇਕਰ ਰਿਕਾਰਡ ਅਨੁਸਾਰ ਬਿਨੈਕਾਰ ਦੇ ਡਾਟਾ ਵਿੱਚ ਕੋਈ ਤਰੁੱਟੀ ਪਾਈ ਜਾਂਦੀ ਹੈ ਤਾਂ ਸਕੂਲ ਮੁੱਖੀ/ ਡੀ.ਡੀ.ਓ ਉਸ ਨੂੰ ਆਪਣੀ ਤੱਸਲੀ ਕਰਨ ਉਪਰੰਤ ਦਰੁਸਤ ਕਰਨਾ ਯਕੀਨੀ ਬਣਾਉਣਗੇ। ਸਕੂਲ ਮੁੱਖੀ/ਡੀ.ਡੀ.ਓ ਡਾਟਾ ਵੈਰੀਫਿਕੇਸਨ ਕਰਨ ਉਪਰੰਤ Approve ਦਾ ਬਟਨ ਦਬਾਉਣਗੇ।

**4.0** ਕਈ ਸਕੂਲਾਂ/ਦਫਤਰਾਂ ਵਿੱਚ ਸਕੂਲ ਮੁੱਖੀ/ਡੀ.ਡੀ.ਓ ਨਹੀਂ ਹਨ, ਕਿਉਂਜੋ ਬਦਲੀਆਂ ਦਾ ਕੰਮ ਸਮਾਂ ਬੱਧ ਹੈ ਇਸ ਲਈ ਉਹਨਾਂ ਸਕੂਲਾਂ ਵਿੱਚ ਕੰਮ ਕਰ ਰਹੇ ਸੀਨੀਅਰ ਅਧਿਆਪਕ/ਕਰਮਚਾਰੀ ਬਦਲੀ ਅਪਲਾਈ ਕਰਨ ਵਾਲੇ ਦਰਖਾਸਤਕਰਤਾਵਾਂ ਦਾ ਡਾਟਾ ਕੇਵਲ ਬਦਲੀਆਂ ਦੇ ਮੰਤਵ ਲਈ ਵੈਰੀਫਾਈ ਕਰਨਾ ਯਕੀਨੀ ਬਣਾਉਣਗੇ।

ਗੁਰਜੀਤ 30-06-2022

**ਸਹਾਇਕ ਡਾਇਰੈਕਟਰ (ਅਮਲਾ-1)**